# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2026/ 27209 ਮਿਤੀ- 08/07/26

## ਦਫਤਰੀ ਹੁਕਮ

ਇਸ ਸੰਸਥਾ ਵਿਖੇ ਸਟੇਟ ਕੋਟਾ ਅਤੇ ਆਲ ਇੰਡੀਆ ਕੋਟਾ ਅਧੀਨ 3 ਸਾਲਾ ਪੀ.ਜੀ ਕੋਰਸ ਕਰ ਰਹੇ ਪੀ.ਜੀ ਵਿਦਿਆਰਥੀ ਵਲੋਂ ਆਪਣਾ ਪੀ.ਜੀ ਕੋਰਸ ਸੁਰੂ ਕਰਨ ਸਮੇਂ ਭਰੇ ਗਏ ਸ਼ਿਓਰਟੀ ਬਾਂਡ ਅਤੇ ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀ ਜਾਰੀ ਹਦਾਇਤਾਂ ਦੇ ਸਨਮੁੱਖ ਆਪਣੀ ਸਪੈਸ਼ਲਟੀ ਵਿਚ ਪੀ.ਜੀ ਕੋਰਸ ਪਾਸ ਕਰਨ ਉਪਰੰਤ ਸ਼ਿਓਰਟੀ ਬਾਂਡ ਅਨੁਸਾਰ ਸਟੇਟ ਕੋਟਾ ਲਈ 2 ਸਾਲ ਅਤੇ ਆਲ ਇੰਡੀਆ ਕੋਟੇ ਲਈ 1 ਸਾਲ ਦੀ ਬਤੌਰ ਸੀਨੀਅਰ ਰੈਜੀਡੈਂਟ (ਕੈਟਾਗਰੀ-6) ਸਰਕਾਰੀ ਸੇਵਾ ਕਰਨ ਦਾ ਉਪਬੰਧ ਹੋਣ ਕਾਰਨ ਇਸ ਸੰਸਥਾ ਵਿਖੇ ਨਵੰਬਰ-ਦਸੰਬਰ/2025 ਦੀਆਂ ਪ੍ਰੀਖਿਆਵਾਂ ਵਿਚ ਅਪੀਅਰ ਹੋਏ ਪੀ.ਜੀ ਵਿਦਿਆਰਥੀ ਜਿਹਨਾਂ ਵੱਲੋਂ ਆਪਣਾ ਤਿੰਨ ਸਾਲ ਦਾ ਪੀ.ਜੀ ਕੋਰਸ ਪਾਸ ਕਰ ਲਿਆ ਹੈ, ਨੂੰ ਉਨ੍ਹਾਂ ਦੇ ਪੀ.ਜੀ ਕੋਰਸ ਦੀ ਸਪੈਸ਼ਲਟੀ ਵਿਚ ਉਨ੍ਹਾਂ ਦੀ ਬਾਂਡ ਦੀ ਸ਼ਰਤਾਂ ਅਨੁਸਾਰ 1 ਜਾਂ 2 ਸਾਲ (ਆਲ ਇਡੀਆ ਕੋਟਾ ਲਈ 1 ਸਾਲ ਅਤੇ ਸਟੇਟ ਕੋਟਾ ਲਈ 2 ਸਾਲ) ਲਈ ਨਿਮਨ ਲਿਖਤ ਸ਼ਰਤਾਂ ਅਨੁਸਾਰ ਨਿਯੁਕਤ ਕੀਤਾ ਜਾਂਦਾ ਹੈ। ਨਿਮਨ ਲਿਖਤ ਪੀ.ਜੀ ਵਿਦਿਆਰਥੀ ਇਹ ਹੁਕਮ ਜਾਰੀ ਤੇ 07 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਇਸ ਦਫਤਰ ਵਿਖੇ ਪੇਸ਼ ਕਰਨਗੇ। ਸਬੰਧਤ ਪੀ.ਜੀ ਵਿਦਿਆਰਥੀਆਂ ਵਲੋਂ ਨਿਸ਼ਚਿਤ ਮਿਤੀ ਤੱਕ ਆਪਣੀ ਹਾਜ਼ਰੀ ਰਿਪੋਰਟ ਪੇਸ਼ ਨਾ ਕੀਤੇ ਜਾਣ ਤੇ ਦਫਤਰ ਵਲੋਂ ਸ਼ਿਓਰਟੀ ਬਾਂਡ ਮਨੀ ਰਿਕਵਰੀ ਕਰਨ ਸਬੰਧੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਸਬੰਧਤ ਪੀ.ਜੀ ਵਿਦਿਆਰਥੀਆਂ ਦੀ ਕੀਤੀ ਜਾ ਰਹੀ ਨਿਯੁਕਤੀ ਨਿਮਨ ਲਿਖਤ ਸ਼ਰਤਾਂ ਅਧੀਨ ਹੋਵੇਗੀ:-

1. ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਧੀਨ ਸੀਨੀਅਰ ਰੈਜੀਡੈਂਸੀ ਲਈ ਨਿਯੁਕਤ ਕੀਤੇ ਜਾ ਰਹੇ ਡਾਕਟਰ ਦੇ ਇਹ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 07 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕੀਤੀ ਜਾਵੇਗੀ।
2. ਜੇਕਰ ਕਿਸੇ ਵਿਭਾਗ ਵਿਚ ਪੀ.ਜੀ ਪਾਸ ਉਮੀਦਵਾਰਾਂ ਦੀ ਗਿਣਤੀ ਵਿਭਾਗ ਵਿਚ ਮੰਨਜੂਰਸੁਦਾ ਆਸਾਮੀਆਂ ਵਰੁੱਧ ਖਾਲੀ ਆਸਾਮੀਆਂ ਤੋਂ ਵੱਧ ਜਾਂਦੀ ਹੈ ਤਾਂ ਮੰਨਜੂਰਸੁਦਾ ਆਸਾਮੀਆਂ ਤੋਂ ਵੱਧ ਪੀ.ਜੀ ਪਾਸ ਉਮੀਦਵਾਰਾਂ ਦੀ ਸੈਲਰੀ ਦੂਸਰੇ ਵਿਭਾਗ ਵਿਚ ਮੰਨਜੂਰਸੁਦਾ ਆਸਾਮੀਆਂ ਵਿਰੁੱਧ ਖਾਲੀ ਆਸਾਮੀਆਂ ਤੇ ਕਲੇਮ ਕੀਤੀ ਜਾਵੇਗੀ।
3. ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਨੰ: 929691 File No DMER-ME303ME3/24/2025-DMER ਮਿਤੀ 30.07.2025 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।
4. ਨਿਮਨ ਲਿਖਤ ਡਾਕਟਰਾਂ ਨੂੰ ਮੈਡੀਕਲ ਮੁਆਇਨਾ/ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ।
5. ਨਿਮਨ ਲਿਖਤ ਡਾਕਟਰਾਂ ਵਲੋਂ ਜੇਕਰ ਇਸ ਸੰਸਥਾ ਵਿਖੇ ਆਪਣੇ ਸ਼ਿਓਰਟੀ ਬਾਂਡ ਦੇ ਸੇਵਾ ਟੈਨਿਓਰ ਦੌਰਾਨ ਅਸਤੀਫਾ ਦਿੱਤਾ ਜਾਦਾ ਹੈ ਤਾਂ ਸਬੰਧਤ ਡਾਕਟਰ ਨੂੰ ਪ੍ਰੋ-ਰਾਟਾ ਆਧਾਰ ਤੇ ਬਣਦੀ ਬਾਂਡ ਮਨੀ ਇਸ ਦਫਤਰ ਵਿਖੇ ਜਮ੍ਹਾਂ ਕਰਵਾਉਣੀ ਹੋਵੇਗੀ।
6. ਨਿਮਨ ਲਿਖਤ ਡਾਕਟਰਾਂ ਨੂੰ ਤਜਰਬਾ ਉਨ੍ਹਾਂ ਵਲੋਂ ਕੀਤੇ ਗਏ ਐਮ.ਡੀ/ਐਮ.ਐਸ ਕੋਰਸ ਦੇ ਵਿਭਾਗ ਦਾ ਹੀ ਦਿੱਤਾ ਜਾਵੇਗਾ।
7. ਨਿਮਨ ਲਿਖਤ ਡਾਕਟਰਾਂ ਵਲੋਂ ਪੀ.ਜੀ ਕੋਰਸ ਦੌਰਾਨ ਭਰੇ ਗਏ ਸ਼ਿਓਰਟੀ ਬਾਂਡ ਅਨੁਸਾਰ ਪੀ.ਜੀ ਕੋਰਸ ਪਾਸ ਕਰਨ ਉਪਰੰਤ ਸਰਕਾਰ ਦੀ ਸੇਵਾ ਕਰਨ ਸਬੰਧੀ ਸਰਕਾਰ ਵਲੋਂ ਭਵਿੱਖ ਵਿਚ ਇਹਨਾਂ ਡਾਕਟਰਾਂ ਦੀ ਸਿਹਤ ਵਿਭਾਗ, ਪੰਜਾਬ ਅਧੀਨ ਕਿਸੇ ਹੋਰ ਜਗ੍ਹਾਂ ਪੋਸਟਿੰਗ ਸਬੰਧੀ ਕੋਈ ਵੀ ਹੁਕਮ ਪ੍ਰਾਪਤ ਹੁੰਦੇ ਹਨ ਤਾਂ ਉਸ ਸਬੰਧੀ ਸਬੰਧਤ ਡਾਕਟਰਾਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਸਬੰਧਤ ਡਾਕਟਰਾਂ ਤੇ ਉਹ ਹੁਕਮ ਤਰੁੰਤ ਪ੍ਰਭਾਵ ਤੋਂ ਲਾਗੂ ਹੋਣਗੇ ਅਤੇ ਮੰਨਣ ਯੋਗ ਹੋਣਗੇ।

| Sr. No. | Specialty | Name of the Student | Father Name | STATE Quota /All India Quota |
|---|---|---|---|---|
| 1 | General Medicine | Dr. Ramandeep Kaur | Sh. Balwinder Singh | All India Quota |
| 2 | Ophthalmology | Dr. Agreema | Sh. Mahender Bhadu | State Quota |

ਡਾਇਰੈਕਟਰ ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਸੀਨੀਅਰ ਸਹਾਇਕ ਕਲਰਕ

ਪਿੱ:ਅੰ:ਨੰ:1(4024)ਈ1/2026/ 27210-22 ਮਿਤੀ- 08/07/26

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਡਾਕਟਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵ ਅਤੇ ਹਾਜ਼ਰ ਹੋਣ ਸਬੰਧੀ ਆਪਣੇ ਪੱਧਰ ਤੇ ਵੀ ਸਬੰਧਤ ਡਾਕਟਰਾਂ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਸਬੰਧਤ ਡਾਕਟਰਾਂ ਨੂੰ ਸੂਚਨਾ ਹਿੱਤ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਸੀਨੀਅਰ ਸਹਾਇਕ ਕਲਰਕ